# ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਦਾ ਪ੍ਰਬੰਧ ਕਰਨਾ

## ਪੰਜਾਬੀ ਵਿੱਚ ਜਾਣਕਾਰੀ

AGRICULTURE VICTORIA

*ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਵਿਕਟੋਰੀਆ ਵਿੱਚ ਮਿਲਦੀ ਹੈ ਅਤੇ ਬਹੁਤ ਸਾਰੇ ਫਲਾਂ ਅਤੇ ਸਬਜ਼ੀਆਂ ਉਪਰ ਹਮਲਾ ਕਰਦੀ ਹੈ। ਇਹ ਤੱਥ ਸ਼ੀਟ ਤੁਹਾਨੂੰ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਆਪਣੇ ਬਾਗ ਵਿੱਚ ਲੱਭਣ ਵਿੱਚ ਅਤੇ ਜਿਹੜੇ ਫਲ ਤੇ ਸਬਜ਼ੀਆਂ ਤੁਸੀਂ ਉਗਾਉਂਦੇ ਹੋ ਉਹਨਾਂ ਨੂੰ ਨੁਕਸਾਨ ਹੋਣ ਤੋਂ ਬਚਾਉਣ ਵਿੱਚ ਤੁਹਾਡੀ ਸਹਾਇਤਾ ਕਰੇਗੀ।*

### ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਵੇਖਣ ਨੂੰ ਕਿਵੇਂ ਦੀ ਲੱਗਦੀ ਹੈ?

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਜਿੰਦਗੀ ਦੇ ਚਾਰ ਪੜ੍ਹਾਵਾਂ ਵਿੱਚੋਂ ਦੀ ਲੰਘਦੀ ਹੈ। ਸਹੀ ਮੌਸਮ ਦੇ ਹਾਲਾਤਾਂ (ਜਿਵੇਂ ਕਿ 26 °C) ਵਿੱਚ ਮੱਖੀ ਆਂਡੇ ਤੋਂ 30 ਦਿਨਾਂ ਵਿੱਚ ਪੂਰੀ ਵੱਡੀ ਹੋ ਜਾਂਦੀ ਹੈ।



**1. ਆਂਡਾ:** ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਚਿੱਟੇ, ਕੇਲੇ ਦੇ ਆਕਾਰ ਵਰਗੇ ਆਂਡੇ ਫਲ ਤੇ ਸਬਜ਼ੀਆਂ ਦੇ ਅੰਦਰ ਦਿੰਦੀ ਹੈ।

ਇਕ ਮਾਦਾ 100 ਤੱਕ ਆਂਡੇ ਪ੍ਰਤੀ ਦਿਨ ਦੇ ਸਕਦੀ ਹੈ। ਆਂਡੇ 1 ਮਿਲੀਮੀਟਰ ਲੰਬੇ ਹੁੰਦੇ ਹਨ ਅਤੇ ਵੇਖਣੇ ਔਖੇ ਹੁੰਦੇ ਹਨ।



**2. ਕੀੜਾ:** ਇਕ ਛੋਟਾ ਦੂਧੀਆ ਰੰਗ ਦਾ ਕੀੜਾ ਹਰੇਕ ਆਂਡੇ ਵਿੱਚੋਂ ਨਿਕਲਦਾ ਹੈ। ਕੀੜੇ ਫਲ ਨੂੰ ਖਾਂਦੇ ਹਨ, ਇਸ ਨੂੰ ਅੰਦਰੋਂ ਖਰਾਬ ਕਰ ਦਿੰਦੇ ਹਨ। ਕੀੜੇ 9 ਮਿਲੀਮੀਟਰ ਤੱਕ ਵੱਡੇ ਹੋ ਜਾਂਦੇ ਹਨ। ਇਕ ਵਾਰ ਪੂਰੇ ਵੱਡੇ ਹੋ ਜਾਣ ਤੇ, ਕੀੜੇ ਫਲ ਵਿੱਚੋਂ ਬਾਹਰ ਨਿਕਲ ਜਾਂਦੇ ਹਨ ਅਤੇ ਮਿੱਟੀ ਦੇ ਵਿੱਚ ਖੁੱਡ ਕੱਢ ਕੇ ਲੁਕ ਜਾਂਦੇ ਹਨ।



**3. ਪਿਊਪਾ:** ਇਕ ਵਾਰ ਮਿੱਟੀ ਵਿੱਚ ਰਹਿਣ ਤੋਂ ਬਾਅਦ, ਕੀੜਾ ਇਕ ਲੰਬੂਤਰੇ, ਭੂਰੇ, ਸਖਤ ਪਿਊਪੇ ਵਿੱਚ ਬਦਲ ਜਾਂਦਾ ਹੈ। ਪਿਊਪੇ ਦੇ ਖੋਲ ਦੇ ਅੰਦਰ, ਕੁਈਂਜ਼ਲੈਂਡ ਦੀ ਫਲਾਂ ਵਾਲੀ ਪੂਰੀ ਮੱਖੀ ਤਿਆਰ ਹੁੰਦੀ ਹੈ।



**4. ਪੂਰੀ ਵੱਡੀ**: ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਲੱਗਭੱਗ 7 ਮਿਲੀਮੀਟਰ ਲੰਬੀ ਅਤੇ ਲਾਲ-ਭੂਰੇ ਰੰਗ ਦੀ, ਅਤੇ ਸਰੀਰ ਉੱਤੇ ਸਪੱਸ਼ਟ ਪੀਲੇ ਨਿਸ਼ਾਨ ਹੁੰਦੇ ਹਨ।

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਬਾਗਾਂ ਵਿੱਚ ਬਸੰਤ, ਗਰਮੀ ਅਤੇ ਪੱਤਝੜ ਦੀ ਰੁੱਤੇ ਵੇਖਣ ਨੂੰ ਮਿਲਦੀ ਹੈ।

## ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਦੇ ਘਰ ਵਿੱਚ ਪੈਦਾ ਹੋਣ ਵਾਲੇ ਪ੍ਰਚੱਲਿਤ ਮੇਜ਼ਬਾਨ

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਵੱਖ ਵੱਖ ਫਲਾਂ ਅਤੇ ਸਬਜ਼ੀਆਂ ਦੇ ਅੰਦਰ ਆਂਡੇ ਦਿੰਦੀ ਹੈ - ਇਹਨਾਂ ਨੂੰ 'ਮੇਜ਼ਬਾਨ' ਕਿਹਾ ਜਾਂਦਾ ਹੈ। ਕੁਝ ਉਗਾਈਆਂ ਜਾਂਦੀਆਂ ਆਮ ਉਦਾਹਰਣਾਂ ਹੇਠਾਂ ਵਿਖਾਈਆਂ ਗਈਆਂ ਹਨ।



ਮੇਜ਼ਬਾਨਾਂ ਦੀ ਪੂਰੀ ਸੂਚੀ ਇੱਥੇ ਉਪਲਬਧ ਹੈ www.agriculture.vic.gov.au/qff

## ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਦਾ ਬਾਗਾਂ ਵਿੱਚ ਪ੍ਰਬੰਧ ਕਰਨਾ

### 1. ਪਹਿਲਾਂ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਦਾ ਪਤਾ ਲਗਾਓ

**ਫੰਧੇ:** ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਵਾਲੇ ਫੰਧੇ ਲਮਕਾ ਕੇ ਆਪਣੇ ਬਾਗ ਦੇ ਵਿੱਚ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਦਾ ਪਤਾ ਲਗਾਓ। ਹਰ ਸਮੇਂ ਹਰੇ ਭਰੇ ਰਹਿਣ ਵਾਲੇ, ਨਾਲ ਲੱਗਦੇ ਛਾਂਅਦਾਰ ਰੁੱਖ ਵਿੱਚ ਲੱਗਭੱਗ 1.5 ਮੀਟਰ ਉੱਚੇ ਫੰਧੇ ਲਮਕਾਓ। ਇਸ ਨੂੰ ਬਸੰਤ ਰੁੱਤ ਵਿੱਚ ਸ਼ੁਰੂ ਕਰੋ ਅਤੇ ਸਰਦੀਆਂ ਵਿੱਚ ਲਟਕਾਈ ਰੱਖੋ।

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਲੁਭਾਉਣ ਅਤੇ ਫੜ੍ਹਨ ਲਈ ਕਈ ਤਰ੍ਹਾਂ ਦੇ ਫੰਧੇ ਉਪਲਬਧ ਹਨ। ਇਹ ਫੰਧੇ ਦੂਸਰੇ ਕੀੜੇ ਮਕੌੜਿਆਂ ਨੂੰ ਵੀ ਲੁਭਾ ਅਤੇ ਫੜ੍ਹ ਸਕਦੇ ਹਨ ਜੋ ਕਿ ਤੁਹਾਡੇ ਬਾਗ ਲਈ ਚੰਗੇ ਹਨ, ਇਸ ਲਈ ਆਪਣੇ ਰੁੱਖਾਂ ਜਾਂ ਪੌਦਿਆਂ ਉਪਰ ਕਿਸੇ ਕੀਟਨਾਸ਼ਕ ਨੂੰ ਵਰਤਣ ਤੋਂ ਪਹਿਲਾਂ ਜਾਂਚ ਲਓ ਕਿ ਜੇਕਰ ਤੁਸੀਂ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਫੜ੍ਹਿਆ ਹੈ।

### 2. ਕਾਬੂ ਕਰਨ ਦੇ ਤਰੀਕੇ

ਜੇਕਰ ਤੁਸੀਂ ਆਪਣੇ ਬਾਗ ਵਿੱਚ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਵੇਖਿਆ ਹੈ, ਤੁਸੀਂ ਕਾਬੂ ਕਰਨ ਦੇ ਕੁਝ ਤਰੀਕਿਆਂ ਦਾ ਮਿਸ਼ਰਣ ਵਰਤ ਕੇ ਇਸ ਨੂੰ ਵਧੀਆ ਤਰੀਕੇ ਨਾਲ ਕਾਬੂ ਕਰ ਸਕਦੇ ਹੋ। ਕਾਬੂ ਕਰਨ ਦੇ ਤਰੀਕਿਆਂ ਨੂੰ ਫਲਾਂ ਦੇ ਪੱਕ ਕੇ ਤੋੜਨ ਲਈ ਤਿਆਰ ਹੋਣ ਤੋਂ 6-8 ਹਫਤੇ ਪਹਿਲਾਂ ਸ਼ੁਰੂ ਕਰੋ ਕਿਉਂਕਿ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਸਖਤ, ਹਰੇ ਫਲਾਂ ਦੇ ਅੰਦਰ ਆਂਡੇ ਦੇ ਸਕਦੀ ਹੈ।

**ਰੋਕ ਸਭ ਤੋਂ ਵਧੀਆ ਹੈ:** ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਫਲਾਂ ਅਤੇ ਸਬਜ਼ੀਆਂ ਦੇ ਅੰਦਰ ਆਂਡੇ ਦੇਣ ਤੋਂ ਰੋਕਣ ਲਈ ਫਲਾਂ ਉਪਰ ਕੀੜੇ ਮਕੌੜਿਆਂ ਵਾਲੇ ਜਾਲ, ਝੋਲੇ ਜਾਂ ਕੱਪੜਾ ਸਿਉਂ ਕੇ ਪਾ ਦਿਓ ਜਦੋਂ ਇਹ ਪਰਾਗ ਤੇ ਹੁੰਦੇ ਹਨ। ਜਾਲ ਨੂੰ ਫਲਾਂ ਨੂੰ ਨਾ ਛੂਹਣ ਦਿਓ।




**ਲਾਲਚ ਵਾਲੇ ਖਾਣੇ, ਫੰਧੇ ਅਤੇ ਕੀਟਨਾਸ਼ਕ:** ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਵਾਲੇ ਫੰਧੇ ਅਤੇ ਲਾਲਚ ਵਾਲੇ ਖਾਣੇ ਤੁਹਾਡੇ ਬਾਗ ਵਿੱਚ ਫਲਾਂ ਦੀ ਮੱਖੀ ਨੂੰ ਫੜ੍ਹ ਲੈਂਦੇ ਹਨ ਇਸ ਤੋਂ ਪਹਿਲਾਂ ਕਿ ਇਹ ਫਲਾਂ ਉਪਰ ਹਮਲਾ ਕਰੇ। ਉਹਨਾਂ ਫੰਧਿਆਂ ਨੂੰ ਲੱਭੋ ਜੋ ਮਾਦਾ ਅਤੇ ਨਰ ਦੋਵਾਂ ਮੱਖੀਆਂ ਨੂੰ ਮਾਰ ਸਕੇਗਾ। ਇਕੱਲੇ ਫੰਧੇ, ਫਲਾਂ ਵਾਲੀ ਮੱਖੀ ਨੂੰ ਸੰਭਵ ਤੌਰ ਤੇ ਕਾਬੂ ਨਹੀਂ ਕਰ ਸਕਦੇ ਹਨ।

ਕੀਟਨਾਸ਼ਕ ਵੀ ਉਪਲਬਧ ਹਨ ਜੋ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਮਾਰ ਸਕਦੇ ਹਨ। ਜੇਕਰ ਗਲਤ ਤਰੀਕੇ ਨਾਲ ਵਰਤੇ ਜਾਣ ਤਾਂ ਕੀਟਨਾਸ਼ਕ ਨੁਕਸਾਨਦਾਇਕ ਹੋ ਸਕਦੇ ਹਨ - ਲੇਬਲ ਉੱਤੇ ਲਿਖੇ ਨਿਰਦੇਸ਼ਾਂ ਨੂੰ ਪੜ੍ਹੋ ਅਤੇ ਪਾਲਣਾ ਕਰੋ।

ਇਹ ਸਾਰੇ ਉਤਪਾਦ ਨਰਸਰੀਆਂ, ਘਰੇਲੂ ਬਾਗਾਂ ਦੀਆਂ ਦੁਕਾਨਾਂ ਅਤੇ ਔਨਲਾਈਨ ਵਿਕਰੇਤਾਵਾਂ ਕੋਲੋਂ ਖਰੀਦੇ ਜਾ ਸਕਦੇ ਹਨ।

### 3. ਆਪਣੇ ਫਲਾਂ ਅਤੇ ਸਬਜ਼ੀਆਂ ਨੂੰ ਜਾਂਚੋ

ਬਾਹਰੀ ਪਰਤਾਂ/ਛਿੱਲਾਂ ਦੇ ਉਪਰ ਡੰਗ ਦੇ ਨਿਸ਼ਾਨਾਂ ਅਤੇ ਫਲਾਂ ਤੇ ਸਬਜ਼ੀਆਂ ਦੇ ਅੰਦਰ ਕੀੜਿਆਂ ਲਈ ਵੇਖੋ।




AGRICULTURE VICTORIA

### 4. ਬਾਗ ਦੀ ਲਾਜ਼ਮੀ ਸੰਭਾਲ (ਵਧੀਆ ਸਾਫ-ਸਫਾਈ)

ਜਦੋਂ ਫਲ ਪੱਕੇ ਤਾਂ ਤੋੜ ਕੇ ਵਰਤ ਲਵੋ। ਸਾਰੇ ਫਲ ਤੇ ਸਬਜ਼ੀਆਂ ਜੋ ਸੜ ਗਈਆਂ ਹਨ, ਜ਼ਮੀਨ ਤੇ ਡਿੱਗ ਪਈਆਂ ਹਨ ਅਤੇ ਉਹ ਫਲ ਜੋ ਤੁਸੀਂ ਖਾਣਾ ਨਹੀਂ ਚਾਹੁੰਦੇ ਹੋ ਉਹਨਾਂ ਨੂੰ ਉੱਥੋਂ ਹਟਾ ਦਿਓ। ਇਹ ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਤੁਹਾਡੇ ਬਾਗ ਵਿੱਚ ਅੱਗੇ ਨਸਲ ਵਧਾਉਣ ਤੋਂ ਰੋਕ ਦੇਵੇਗਾ।

ਫਲਾਂ ਵਾਲੇ ਰੁੱਖਾਂ ਨੂੰ ਛਾਂਗ ਦਿਓ ਤਾਂ ਜੋ ਤੁਸੀਂ ਫਲ ਤੋੜਨ ਵਾਸਤੇ ਉਹਨਾਂ ਤੱਕ ਪਹੁੰਚ ਕਰ ਸਕੋ, ਕੀੜੇ ਮਕੌੜਿਆਂ ਵਾਲਾ ਜਾਲ ਲਗਾਓ ਜਾਂ ਛਿੜਕਾਅ ਕਰੋ।

ਫਲਾਂ ਨੂੰ ਬਾਹਰ ਸੁੱਟਣ ਤੋਂ ਪਹਿਲਾਂ, ਤੁਹਾਨੂੰ ਕੀੜਿਆਂ ਨੂੰ ਜੋ ਕਿ ਅੰਦਰ ਹੋ ਸਕਦੇ ਹਨ ਨੂੰ ਠੰਢਾ ਕਰਕੇ (ਫਰੀਜ਼ ਕਰਕੇ), ਮਾਈਕਰੋਵੇਵ ਕਰਕੇ, ਉਬਾਲ ਕੇ, ਜਾਂ ਧੁੱਪ ਵਿੱਚ ਸਾੜ ਕੇ (ਫਲਾਂ ਨੂੰ ਪਲਾਸਟਿਕ ਦੇ ਝੋਲੇ ਵਿੱਚ ਪਾ ਕੇ ਸੀਲਬੰਦ ਕਰਕੇ ਅਤੇ ਇਸ ਨੂੰ ਘੱਟੋ ਘੱਟ 14 ਦਿਨਾਂ ਲਈ ਧੁੱਪ ਵਿੱਚ ਰੱਖ ਦੇਣਾ) ਮਾਰਨ ਦੀ ਲੋੜ ਹੋਵੇਗੀ। ਜਦੋਂ ਤੁਸੀਂ ਇਹ ਕਰ ਲਿਆ ਉਸ ਤੋਂ ਬਾਅਦ, ਝੋਲੇ ਵਿੱਚ ਪਾਏ ਫਲਾਂ ਨੂੰ ਕੂੜੇਦਾਨ ਵਿੱਚ ਪਾਇਆ ਜਾ ਸਕਦਾ ਹੈ।

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨਾਲ ਪ੍ਰਭਾਵਿਤ ਫਲ ਤੇ ਸਬਜ਼ੀਆਂ **ਨੂੰ ਖਾਦ ਬਨਾਉਣ ਵਾਸਤੇ ਨਾ ਵਰਤੋ।**

ਜੇਕਰ ਤੁਸੀਂ ਆਪਣੇ ਫਲਾਂ ਅਤੇ ਸਬਜ਼ੀਆਂ ਦੇ ਰੁੱਖਾਂ ਦੀ ਦੇਖਭਾਲ ਨਹੀਂ ਕਰ ਸਕਦੇ, ਇਹਨਾਂ ਨੂੰ ਗੈਰ-ਮੇਜ਼ਬਾਨੀ ਵਾਲੇ, ਵੇਖਣ ਨੂੰ ਸੁਹਣੇ ਲੱਗਣ ਵਾਲੇ ਪੌਦਿਆਂ ਨਾਲ ਬਦਲ ਦਿਓ (ਜਿਵੇਂ ਕਿ ਦੇਸੀ ਵੈਟਲ ਜਾਂ ਗਰੀਵੀਲੀਆ)।

## ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਨਾ ਫੈਲਾਓ

ਕੁਈਂਜ਼ਲੈਂਡ ਦੀ ਫਲਾਂ ਵਾਲੀ ਮੱਖੀ ਨੂੰ ਨਵੀਆਂ ਥਾਵਾਂ ਉੱਤੇ ਫੈਲਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਮੇਜ਼ਬਾਨ ਫਲਾਂ ਅਤੇ ਸਬਜ਼ੀਆਂ ਨੂੰ ਨਾਲ ਲੈ ਕੇ ਸਫਰ ਨਾ ਕਰਨਾ ਹੈ, ਖਾਸ ਤੌਰ ਤੇ ਜੋ ਘਰ ਵਿੱਚ ਉਗਾਈਆਂ ਗਈਆਂ ਹਨ।

ਕੁਝ ਖਾਸ ਖੇਤਰਾਂ ਵਿੱਚ ਜੇਕਰ ਤੁਸੀਂ ਮੇਜ਼ਬਾਨ ਉਤਪਾਦ ਦੇ ਨਾਲ ਸਫਰ ਕਰਦਿਆਂ ਫੜ੍ਹੇ ਜਾਂਦੇ ਹੋ, ਜ਼ੁਰਮਾਨੇ ਲੱਗ ਸਕਦੇ ਹਨ - ਵੇਰਵਿਆਂ ਲਈ ਇੱਥੇ ਜਾਓ
www.interstatequarantine.org.au
ਵਧੇਰੇ ਜਾਣਕਾਰੀ www.agriculture.vic.gov.au/qff ਉੱਤੇ ਜਾਂ ਗਾਹਕ ਸੇਵਾ ਕੇਂਦਰ ਨੂੰ 136 186 ਉੱਤੇ ਫੋਨ ਕਰਕੇ ਪਤਾ ਕੀਤੀ ਜਾ ਸਕਦੀ ਹੈ।

ਵਿਕਟੋਰੀਆ ਦੇ ਜੌਬਜ਼, ਪ੍ਰੀਸਿੰਕਟਸ ਐਂਡ ਰਿਜਨਜ਼ ਵਿਭਾਗ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ, 1 ਸਪਰਿੰਗ ਸਟਰੀਟ, ਮੈਲਬੋਰਨ, ਮਾਰਚ 2020

© ਵਿਕਟੋਰੀਆ ਦੀ ਸਰਕਾਰ ਜੌਬਜ਼, ਪ੍ਰੀਸਿੰਕਟਸ ਐਂਡ ਰਿਜਨਜ਼ ਵਿਭਾਗ 2020

AGRICULTURE VICTORIA